ੴ

# ਗੁਰਬਾਣੀ ਵਿਚਾਰੁ

## 72

# ਭਰਮ

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ ॥

## ਭਾਗ – ੫

## ‘ਖੋਜੀ’

# ਭਰਮ

## ਭਾਗ - 5

ਪਿਛਲੇ ਲੇਖ ਵਿਚ ਦਸਿਆ ਜਾ ਚੁਕਾ ਹੈ, ਕਿ ਅਸੀਂ ਜੋ ਭੀ –

ਖਿਆਲ
ਚਿਤਵਨੀ
ਕਲਪਨਾ
ਨਿਸਚਾ
ਭਾਵਨਾ
ਵਿਉਂਤ
ਕਰਮ
ਧਰਮ

ਆਦਿ ਕਰਦੇ ਹਾਂ – ਸਭ ਮਾਇਕੀ ਮੰਡਲ ਦੀ '**ਹਉਮੈ**' ਅਥਵਾ '**ਦੂਜੇ ਭਾਵ**' ਦੇ '**ਭਰਮ-ਗੜ੍ਹ**' ਦੇ ਹਨੇਰ ਵਿਚ ਹੀ ਕਰਦੇ ਹਾਂ, ਜਿਸ ਕਾਰਨ ਸਾਡਾ ਸਾਰਾ ਜੀਵਨ '**ਭਰਮ-ਭੁਲੇਖਿਆਂ**' ਦੇ ਅੰਧ ਗੁਬਾਰ ਵਿਚ ਹੀ ਖੱਚਤ ਅਤੇ ਪ੍ਰਵਿਰਤ ਹੈ।

ਇਹ ਭਰਮ-ਭੁਲੇਖਿਆਂ ਦੀ ਛਾਇਆ ਯਾ 'ਹਨੇਰ' ਸਾਰੇ ਜਗਤ ਅਥਵਾ ਸੰਸਾਰ ਨੂੰ 'ਭੂਤ-ਪ੍ਰੇਤ' ਵਾਂਗ, ਚਿੰਬੜਿਆ ਹੋਇਆ ਹੈ, ਜਿਸ ਵਿਚ –

ਪੜ੍ਹੇ-ਲਿਖੇ
ਸਿਆਣੇ
ਚਤੁਰ
ਗਿਆਨੀ
ਪੰਡਤ
ਵਿਗਿਆਨੀ
ਧਰਮੀ
ਜਪੀ

ਤਪੀ
ਹਠੀ
ਜੋਗੀ
ਤਿਆਗੀ
ਉਦਾਸੀ
ਸੰਨਿਆਸੀ
ਭਲੇ-ਭਲੇਰੇ
ਅਫਲਾਤੂਨ
ਪ੍ਰਮਾਰਥੀ

ਭੀ ਪਰਵਿਰਤ ਹਨ ।

ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ
**ਹੋਰੁ ਸਭੁ ਜਗਤੁ ਭਰਮਿ ਭੁਲਾਇਆ** ।।...
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ।।
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ।।
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ।। (ਪੰਨਾ-੮੫੨)

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ।।...
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ।। ੧੮।।
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ।। (ਪੰਨਾ-੯੦੯)

ਪਰ ਹੈਰਾਨੀ ਦੀ ਗੱਲ ਤਾਂ ਇਹ ਹੈ, ਕਿ ਸਾਡੇ ਵਿਚੋਂ ਕੋਈ 'ਜੀਵ' ਭੀ ਇਹ **ਮੰਨਣ ਨੂੰ ਤਿਆਰ ਨਹੀਂ ਹੈ, ਕਿ ਉਹ ਭਰਮ-ਭੁਲੇਖਿਆਂ ਵਿਚ ਗਲਤਾਨ ਹੈ**। ਇਸ ਦੇ ਉਲਟ, ਹਰ ਇਕ ਜੀਵ ਇਹੋ ਹੀ ਸਮਝੀ ਬੈਠਾ ਹੈ, ਕਿ ਉਹ ਦੂਜਿਆਂ ਨਾਲੋਂ ਸਿਆਣਾ ਤੇ ਭਲਾ-ਭਲੇਰਾ ਹੈ। ਬਲਕਿ ਮਨੁੱਖ ਨੂੰ ਇਹ ਦ੍ਰਿੜ੍ਹ ਨਿਸਚਾ ਹੈ, ਕਿ ਉਹ ਵਿਦਿਅਕ ਅਤੇ ਵਿਗਿਆਨਕ ਨਵੀਨ ਰੌਸ਼ਨੀ ਦਾ ਮਾਲਕ ਹੈ। ਇਸ ਲਈ 'ਭਰਮ' ਦਾ ਹਨੇਰ ਉਸ ਦੇ ਨੇੜੇ ਨਹੀਂ ਆ ਸਕਦਾ। ਇਹ ਭਰਮ-ਭੁਲੇਖਿਆਂ ਦਾ ਹਨੇਰ ਬਾਕੀ **ਹੋਰਨਾਂ ਨੂੰ ਹੀ ਚਿੰਬੜਿਆ ਹੋਵੇਗਾ ! ਮੈਨੂੰ ਨਹੀਂ** !!

ਜਦ ਭਰਮ-ਭੁਲੇਖਿਆਂ ਦੀ 'ਪਾਣ' ਧਰਮ ਯਾ ਮਜ਼ਹਬ ਨੂੰ ਚੜ੍ਹ ਜਾਵੇ, ਤਾਂ ਬੇਲੋੜੇ, ਵਾਦ-ਵਿਵਾਦ, ਲੜਾਈ, ਝਗੜੇ, ਜ਼ੁਲਮ ਆਦਿ, ਸਭ 'ਧਾਰਮਿਕ ਪ੍ਰਵਾਨਗੀ' ਹੇਠ ਕੀਤੇ ਜਾਂਦੇ ਹਨ।

ਗੁਰਬਾਣੀ ਵਿਚ ਅਧਿਆਤਮਿਕ ਮੰਡਲ ਦੀ ਰੌਸ਼ਨੀ ਦੇ ਮੁਕਾਬਲੇ ਤੇ ਸਾਡੀ ਭਰਮ-ਭੁਲੇਖੇ ਵਾਲੀ ਦਿਮਾਗੀ ਸਿਆਣਪ ਤੇ ਚਤੁਰਾਈ ਨੂੰ ਇਉਂ ਦਰਸਾਇਆ ਗਿਆ ਹੈ –

ਕਥਨੀ ਕਹਿ ਭਰਮੁ ਨ ਜਾਈ ।। ਸਭ ਕਥਿ ਕਥਿ ਰਹੀ ਲੁਕਾਈ ।। ਪੰਨਾ-੬੫੫)

ਬਹੁਤੁ ਸਿਆਣਪ ਭਰਮੁ ਨ ਜਾਏ ॥
ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥ (ਪੰਨਾ-੧੦੨੫)

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥ (ਪੰਨਾ-੧੨੬੧)

ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥ (ਪੰਨਾ-੧੦੬੪)

ਭਰਮ-ਭੁਲੇਖਿਆਂ ਵਿਚ ਗ੍ਰਸੇ ਹੋਏ ਸਮੁਚੇ ਜਗਤ ਨੂੰ, ਆਪਣੀ **ਗੁੱਝੀ 'ਅਗਿਆਨਤਾ'** ਦੀ ਬਾਬਤ –

ਪਤਾ ਹੀ ਨਹੀਂ
ਸੋਝੀ ਹੀ ਨਹੀਂ
ਚਿੰਤਾ ਹੀ ਨਹੀਂ
ਗਿਆਨ ਹੀ ਨਹੀਂ
ਜਾਣਨ ਦੀ ਲੋੜ ਹੀ ਨਹੀਂ ਭਾਸਦੀ !

ਹੈਰਾਨੀ ਦੀ ਗੱਲ ਤਾਂ ਇਹ ਹੈ, ਕਿ ਜੀਵ ਇਹਨਾਂ ਭਰਮ-ਭੁਲੇਖਿਆਂ ਦੇ ਹਨੇਰ-ਖਾਤੇ ਵਿਚ ਵਿਚਰਦਾ ਹੋਇਆ, ਸਾਰੀ ਉਮਰ ਪਲਚ-ਪਲਚ ਕੇ ਦੁਖੀ ਹੁੰਦਾ ਰਹਿੰਦਾ ਹੈ, ਪਰ ਫੇਰ ਭੀ ਇਸ 'ਅੰਧ-ਗੁਬਾਰ' ਵਿਚੋਂ ਨਿਕਲਨ ਦਾ ਕਦੇ ਖਿਆਲ ਹੀ ਨਹੀਂ ਆਉਂਦਾ।

ਹਰ ਇੱਕ ਜੀਵ ਨੇ ਆਪਣੇ ਵਾਤਾਵਰਣ ਅਤੇ ਲੋੜ ਅਨੁਸਾਰ ਕੋਈ ਨ ਕੋਈ ਮਜ਼ਹਬ ਅਥਵਾ ਧਰਮ ਅਪਣਾਇਆ ਹੋਇਆ ਹੈ ਅਤੇ ਉਸ ਧਰਮ ਦੀ ਮਰਯਾਦਾ ਅਤੇ ਅਸੂਲਾਂ ਅਨੁਸਾਰ –

ਪਾਠ-ਪੂਜਾ
ਕਰਮ-ਕ੍ਰਿਆ
ਹਠ
ਜਪ-ਤਪ
ਜੋਗ-ਸਾਧਨਾ

ਆਦਿ, ਕਰਦਾ ਹੈ ਅਤੇ ਇਸ **ਧਾਰਮਿਕ ਕਰਮ-ਕ੍ਰਿਆ ਨੂੰ ਹੀ ਆਪਣੀ ਆਤਮਿਕ ਕਲਿਆਣ ਦੀ ਮੰਜ਼ਿਲ ਸਮਝੀ ਬੈਠਾ ਹੈ।**

ਪਰ ਸਾਡੀ ਆਤਮਿਕ ਮੰਜ਼ਿਲ ਤਾਂ ਅਤਿਅੰਤ ਉਚੇਰੀ ਆਤਮਿਕ ਮੰਡਲ ਦੀ 'ਖੇਲ' ਹੈ, ਜਿਸ ਨੂੰ ਗੁਰਬਾਣੀ ਵਿਚ –

ਨਾਮ

ਸਹਿਜ

ਸਬਦ

ਹੁਕਮ

ਪ੍ਰੇਮ-ਭਗਤ

ਆਦਿ, ਨਾਵਾਂ ਨਾਲ ਦਰਸਾਇਆ ਗਿਆ ਹੈ। ਪਰ ਅਸੀਂ ਇਹਨਾਂ ਬਾਹਰਮੁਖੀ ਕਰਮ-ਕਾਂਡਾਂ ਵਿਚ ਇਤਨੇ ਗਲਤਾਨ ਹਾਂ, ਕਿ ਆਪਣੇ ਉਚੇ-ਸੁੱਚੇ **ਆਤਮਿਕ ਮੰਡਲ ਦੀ 'ਮੰਜ਼ਿਲ'** ਤੋਂ –

ਬੇਖਬਰ

ਅਣਜਾਣ

ਬੇਪ੍ਰਵਾਹ

ਅਵੇਸਲੇ

ਬੇਮੁਖ

ਅਥਵਾ ਜਾਣ-ਬੁੱਝ ਕੇ ਮਚਲੇ ਹੋਏ ਰਹਿੰਦੇ ਹਾਂ।

ਅਸੀਂ ਇਹ ਗੱਲ ਭੁੱਲ ਜਾਂਦੇ ਹਾਂ, ਕਿ ਇਹ ਬਾਹਰਮੁਖੀ ਸਰੀਰਕ ਅਤੇ ਮਾਨਸਿਕ ਕਰਮ-ਕ੍ਰਿਆ ਤੇ ਸਾਧਨਾਵਾਂ –

| | | |
|---|---|---|
| ਯਤਨ ਹਨ | – | ਨਤੀਜਾ ਨਹੀਂ |
| ਸਾਧਨ ਹਨ | – | ਪੂਰਨਤਾ ਨਹੀਂ |
| ਪੌੜੀਆਂ ਹਨ | – | ਸਿਖਰ ਨਹੀਂ |
| ਯਾਤਰਾ ਹੈ | – | ਮੰਜ਼ਿਲ ਨਹੀਂ |
| ਕਲਾਸਾਂ ਹਨ | – | ਡਿਗਰੀ ਨਹੀਂ |
| ਗਿਆਨ ਹੈ | – | ਜੀਵਨ ਨਹੀਂ |
| ਫੁੱਲ ਹੈ | – | ਮਹਿਕ ਨਹੀਂ |
| ਬਲਬ ਹੈ | – | ਰੋਸ਼ਨੀ ਨਹੀਂ |

ਅਸਲ ਵਿਚ, 'ਨਾਮ' ਅਥਵਾ 'ਸਬਦ' ਰੂਪੀ 'ਆਤਮਿਕ ਧਰਮ' ਦੀ ਮੰਜ਼ਿਲ ਨੂੰ –

ਬੁੱਝਣ

ਸੀਝਣ

ਪਹਿਚਾਨਣ

ਕਮਾਉਣ
ਮਾਣਨ

ਲਈ ਬਾਹਰਲੇ 'ਮਾਨਸਿਕ ਧਰਮ' ਰਚੇ ਗਏ ਹਨ। ਇਹਨਾਂ ਧਰਮਾਂ ਦੇ –

ਪਾਠ-ਪੂਜਾ
ਵਿਚਾਰ
ਕਰਮ-ਕ੍ਰਿਆ
ਮਰਯਾਦਾ
ਲਿਬਾਸ
ਧਾਰਮਿਕ ਚਿੰਨ੍ਹ

ਕੇਵਲ ਅੰਦਰਲੀ ਸੂਖਮ ਅਦ੍ਰਿਸ਼ਟ ਆਤਮਿਕ ਭਾਵਨਾ ਜਾਂ ਦੈਵੀ ਗੁਣਾਂ ਨੂੰ ਪ੍ਰਗਟ ਕਰਨ ਲਈ ਸਥੂਲ ਸੰਕੇਤ ਹੁੰਦੇ ਹਨ। ਪਰ ਅਸੀਂ ਇਹਨਾਂ 'ਸੰਕੇਤਾਂ' ਨੂੰ ਨਾ ਸਮਝਦੇ ਹੋਏ, ਸਿਰਫ਼ ਚਿੰਨ੍ਹਾਂ ਨੂੰ ਪਕੜ ਕੇ ਧਰਮੀ ਬਣ ਬੈਠੇ ਹਾਂ।

ਜਿਸ ਗਹਿਰੇ ਮਨੋਰਥ ਨਾਲ, ਗੁਰੂਆਂ ਅਵਤਾਰਾਂ ਨੇ ਸਾਨੂੰ ਇਹ ਚਿੰਨ੍ਹ ਆਦਿ ਬਖਸ਼ੇ ਸਨ, ਉਹਨਾਂ ਦੀ ਅੰਦਰਲੀ ਦੈਵੀ, ਸੂਖਮ, ਰਸ-ਮਈ ਮੂਲ-ਭਾਵਨਾ ਤੋਂ ਵਾਂਝੇ ਹੋ ਕੇ, ਬਾਹਰਲੇ ਕਰਮਕਾਂਡਾਂ ਦੇ ਜਾਲ ਵਿਚ ਫਸ ਕੇ, ਆਪਣੀ ਬਹੁਤ ਸਾਰੀ ਘਾਲਣਾ, ਸਮਾਂ ਅਤੇ ਧਨ ਗਵਾਉਂਦੇ ਹਾਂ।

ਅਧੂਰੀ ਧਾਰਮਿਕ ਪ੍ਰਾਪਤੀ ਦਾ ਮਨੋਕਲਪਤ ਦਿਮਾਗੀ ਨਿਸਚਾ ਹੀ ਸਾਡਾ ਵੱਡਾ ਧਾਰਮਿਕ ਭਰਮ-ਭੁਲੇਖਾ ਹੈ।

ਜਿਸ ਵਿਚ ਸਾਰੀ ਖਲਕਤ ਪ੍ਰਵਿਰਤ ਹੈ। ਇਸ ਧਾਰਮਿਕ ਭਰਮ-ਗੜ੍ਹ ਨੂੰ ਬੁੱਝਣਾ ਅਤੇ ਤੋੜਨਾ ਅਤਿਅੰਤ ਕਠਿਨ ਹੈ।

ਗੁਰਬਾਣੀ ਵਿਚ ਇਸ ਧਾਰਮਿਕ 'ਭਰਮ-ਗੜ੍ਹ' ਦੀ ਬਾਬਤ ਇਉਂ ਤਾੜਨਾ ਕੀਤੀ ਹੈ –

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ।। (ਪੰਨਾ-੩੪੬)

ਅਨੋਖੀ ਗੱਲ ਤਾਂ ਇਹ ਹੈ ਕਿ ਅਸੀਂ ਆਪ ਧਾਰਮਿਕ ਭਰਮ-ਭੁਲੇਖਿਆਂ ਵਿਚ ਵਿਚਰਦੇ ਹਾਂ ਅਤੇ ਇਹਨਾਂ ਭਰਮ-ਭੁਲੇਖਿਆਂ ਦਾ ਹੀ ਪ੍ਰਚਾਰ ਕਰਦੇ ਹਾਂ। ਇਸ ਤਰ੍ਹਾਂ ਅਸੀਂ ਭੋਲੀ-ਭਾਲੀ ਜਨਤਾ ਨੂੰ ਭੰਬਲ-ਭੂਸਿਆਂ ਵਿਚ ਪਾਉਣ ਨੂੰ ਹੀ ਆਪਣਾ ਧਾਰਮਿਕ ਫਰਜ਼ ਅਤੇ ਵਡਿਆਈ ਸਮਝਦੇ ਹਾਂ।

ਬਾਹਰਮੁਖੀ ਧਰਮ ਦੇ ਭੁਲੇਖਿਆਂ ਤੋਂ ਇਲਾਵਾ, **ਅੰਤ੍ਰ-ਮੁਖੀ ਅਧਿਆਤਮਿਕ ਭੁਲੇਖੇ** ਭੀ ਹਨ, ਜੋ ਹੋਰ ਭੀ ਸੂਖਮ ਤੇ ਸਬੱਲ ਹਨ।

ਜਦ ਅੰਤਰਮੁਖੀ ਹੋ ਕੇ ਇਕਾਗਰ ਮਨ ਨਾਲ ਪਾਠ, ਪੂਜਾ ਅਤੇ ਭਜਨ ਕੀਤਾ ਜਾਂਦਾ ਹੈ, ਤਾਂ –

ਰਿਧੀਆਂ-ਸਿੱਧੀਆਂ
ਨਾਟਕ-ਚੇਟਕ
ਤਾਂਤ੍ਰਿਕ ਜਾਦੂ
ਕਰਾਮਾਤਾਂ
ਵਾਕ-ਸਿੱਧੀ
ਭਵਿੱਖ-ਬਾਣੀ
ਅੰਤਰਯਾਤਮਾ
ਭੂਤਾਂ ਪ੍ਰੇਤਾਂ ਤੇ ਵਸੀਕਰਣ
ਜੰਤ੍ਰ ਮੰਤ੍ਰ ਦੀਆਂ ਸ਼ਕਤੀਆਂ

ਆਦਿ, ਅਨੇਕਾਂ ਗੁਪਤ ਤੇ ਅਸਚਰਜਮਈ ਸ਼ਕਤੀਆਂ ਸਹਿਜ-ਸੁਭਾਇ ਪ੍ਰਾਪਤ ਹੋ ਜਾਂਦੀਆਂ ਹਨ। ਇਹ ਗੁਪਤ ਸ਼ਕਤੀਆਂ **ਬਿਰਤੀ-ਸੁਰਤੀ ਦੀ ਇਕਾਗਰਤਾ ਤੋਂ ਉਪਜਦੀਆਂ ਹਨ।**

ਜਗਿਆਸੂਆਂ ਨੂੰ ਜਦ ਇਹ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ, ਤਾਂ ਉਹ ਇਹਨਾਂ **ਅਦਭੁੱਤ ਚਮਤਕਾਰਾਂ** ਅਤੇ ਕ੍ਰਿਸ਼ਮਿਆਂ ਨੂੰ ਦੇਖ ਕੇ ਹੈਰਾਨ ਹੋ ਜਾਂਦਾ ਹੈ ਅਤੇ ਸਹਿਜੇ-ਸਹਿਜੇ ਇਹਨਾਂ ਸ਼ਕਤੀਆਂ ਨੂੰ ਆਪਣੀ **'ਵਾਹ-ਵਾਹ' ਯਾ 'ਗਰਜ਼' ਲਈ ਵਰਤਣਾ ਸ਼ੁਰੂ ਕਰ ਦਿੰਦਾ ਹੈ,** ਤੇ ਇਹਨਾਂ ਵਿਚ ਹੀ ਗਲਤਾਨ ਹੋ ਕੇ ਆਤਮਿਕ ਮੰਡਲ ਦੀਆਂ ਬਖਸ਼ਿਸ਼ਾਂ ਤੋਂ **ਵਾਂਝਾ ਹੋ ਜਾਂਦਾ ਹੈ,** ਜਿਸ ਨਾਲ ਉਸ ਦੀ ਅਗਲੇਰੀ ਆਤਮਿਕ ਤਰੱਕੀ ਰੁਕ ਜਾਂਦੀ ਹੈ।

**ਇਹਨਾਂ ਸ਼ਕਤੀਆਂ ਨੂੰ 'ਆਤਮਿਕ ਪ੍ਰਾਪਤੀ' ਸਮਝਣਾ ਹੀ ਅਧਿਆਤਮਿਕ, 'ਭਰਮ-ਭੁਲੇਖਾ' ਹੈ।**

ਗੁਰਬਾਣੀ ਵਿਚ ਇਹਨਾਂ **ਰਿੱਧੀਆਂ-ਸਿੱਧੀਆਂ** ਪ੍ਰਬਾਇ ਇਉਂ ਨਿਰਨਾ ਦਿੱਤਾ ਗਿਆ ਹੈ –

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥ (ਪੰਨਾ-੬)

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ (ਪੰਨਾ-੧੪)

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ।। (ਪੰਨਾ-੫੯੩)

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ।। (ਪੰਨਾ-੬੫੦)

ਪਾਰਸ ਮਣੀ ਰਸਾਇਣਾ ਕਰਾਮਾਤ ਕਾਲਖ ਆਨ੍ਹੇਰੇ ।
ਪੂਜਾ ਵਰਤ ਉਪਾਰਣੇ ਵਰ ਸਰਾਪ ਸਿਵ ਸਕਤਿ ਲਵੇਰੇ । (ਵਾ.ਭਾ.ਗੁ. ੫/੭)

ਸਿਧ ਨਾਥੁ ਬਹੁ ਪੰਥ ਕਰਿ ਹਉਮੈ ਵਿਚਿ ਕਰਨਿ ਕਰਮਾਤੀ ।
ਚਾਰਿ ਵਰਨ ਸੰਸਾਰ ਵਿਚਿ ਖਹਿ ਖਹਿ ਮਰਦੇ ਭਰਮਿ ਭਰਾਤੀ । (ਵਾ.ਭਾ.ਗੁ.੧੨/੧੨)

ਰਿਧਿ ਸਿਧਿ ਨਿਧਿ ਸਭ ਗੋਲੀਆਂ ਸਾਧਿਕ ਸਿਧ ਰਹੇ ਲਪਟਾਈ ।
(ਵਾ.ਭਾ.ਗੁ. ੨੩/੫)

ਅਸੀਂ ਇਨ੍ਹਾਂ ਰਿਧੀਆਂ, ਸਿੱਧੀਆਂ, ਕਰਾਮਾਤਾਂ ਤੋਂ ਇਤਨੇ 'ਪ੍ਰਭਾਵਿਤ' ਅਤੇ ਕਾਇਲ ਹੋ ਗਏ ਹਾਂ, ਕਿ ਇਹ ਕਰਾਮਾਤਾਂ ਹੀ ਸਾਡਾ 'ਪ੍ਰਮਾਰਥ' ਤੇ **ਆਤਮਿਕ ਅਵਸਥਾ ਦਾ ਮਾਪਦੰਡ ਅਥਵਾ ਪੈਮਾਨਾ ਬਣ ਚੁਕਿਆ ਹੈ**।

ਇਸ ਤੋਂ ਇਲਾਵਾ ਜਦ ਬਿਰਤੀ ਇਕਾਗਰ ਹੁੰਦੀ ਹੈ, ਤਾਂ ਜਗਿਆਸੂਆਂ ਦੇ ਮਨ ਵਿਚ ਕੁਝ ਸ਼ਾਂਤੀ, ਠੰਢ, ਖੁਸ਼ੀ, ਸੁਖ ਪ੍ਰਤੀਤ ਹੁੰਦਾ ਹੈ।

ਇਸ ਅਲੌਕਿਕ ਤਜਰਬੇ ਨਾਲ ਜਗਿਆਸੂ ਸਮਝਦਾ ਹੈ, ਕਿ ਉਹ ਕਿਸੇ ਉਚੇਰੀ ਆਤਮਿਕ ਅਵਸਥਾ ਵਿਚ ਪਹੁੰਚ ਗਿਆ ਹੈ, ਜੋ ਦੂਜਿਆਂ ਨਾਲੋਂ ਵਿਸ਼ੇਸ਼ ਤੇ ਉਚੀ ਹੁੰਦੀ ਹੈ। ਇਸ ਅਵਸਥਾ ਵਿਚ ਰਿੱਧੀਆਂ-ਸਿੱਧੀਆਂ ਤੇ ਚਮਤਕਾਰ ਸਹਿਜ-ਸੁਭਾਇ ਹੁੰਦੇ ਰਹਿੰਦੇ ਹਨ, ਜਿਸ ਨਾਲ ਜਗਿਆਸੂ ਦੇ ਮਨ ਵਿਚ ਸੂਖਮ 'ਹਉਮੈ' ਆ ਜਾਂਦੀ ਹੈ ਅਤੇ ਉਹ ਸਮਝਦਾ ਹੈ, ਕਿ ਉਹ ਕਿਸੇ ਆਤਮਿਕ ਮੰਜ਼ਿਲ ਤੇ ਪਹੁੰਚ ਗਿਆ ਹੈ। ਇਸ ਤਰ੍ਹਾਂ ਜਗਿਆਸੂ ਦੀ ਆਤਮਿਕ ਤਰੱਕੀ ਰੁਕ ਜਾਂਦੀ ਹੈ ਅਤੇ ਅਣਜਾਣੇ ਹੀ ਉਹ **'ਖੜਦੀ-ਕਲਾ'** ਵਿਚ ਪ੍ਰਵਿਰਤ ਹੋ ਜਾਂਦਾ ਹੈ ਅਤੇ ਮਦਾਰੀ ਵਾਲੀ 'ਰਿਧਿ ਸਿਧਿ ਅਵਰਾ ਸਾਦ' ਵਿਚ ਗਲਤਾਨ ਹੋ ਕੇ, ਆਪਣਾ ਠਾਠ-ਬਾਠ ਰਚਾ ਕੇ ਚੇਲਿਆਂ-ਚਾਟੜਿਆਂ ਵਿਚ **ਫਸ ਜਾਂਦਾ ਹੈ**।

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ।।
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ।। (ਪੰਨਾ-੧੩੬੯)

ਐਸੀ 'ਖੜਦੀ ਕਲਾ' ਨੂੰ ਆਤਮਿਕ ਮੰਜ਼ਿਲ ਸਮਝਣਾ ਹੀ ਜਗਿਆਸੂ ਦਾ ਵੱਡਾ **'ਭਰਮ-ਭੁਲੇਖਾ'** ਹੈ – ਜਿਸ ਵਿਚ ਬੇਅੰਤ ਅਖੌਤੀ ਪੀਰ-ਫਕੀਰ, ਅਉਲੀਏ, ਜੋਗੀ ਜਪੀ, ਤਪੀ ਫਸੇ ਹੋਏ ਹਨ ਅਤੇ ਚੇਲਿਆਂ-ਚਾਟੜਿਆਂ ਅਤੇ ਹੋਰਨਾਂ ਜਗਿਆਸੂਆਂ ਨੂੰ ਭੀ ਪ੍ਰਮਾਰਥਿਕ 'ਭਰਮ-ਗੜ੍ਹ' ਦੇ ਮਨ-ਮੋਹਣੇ ਚਿਲਕਵੇਂ ਨਾਟਕ-ਚੇਟਕ ਦੇ ਡਰਾਮਿਆਂ ਵਿਚ ਫਸਾਈ ਰਖਦੇ ਹਨ।

ਮਿਸਾਲ ਦੇ ਤੌਰ ਤੇ 'ਵਲੀ ਕੰਧਾਰੀ', 'ਮੀਆਂ ਮਿੱਠਾ', 'ਨੂਰ ਸ਼ਾਹ', 'ਗੋਰਖ ਨਾਥ', ਭਰਥਰੀ ਜੋਗੀ ਆਦਿ, ਦਾ ਇਤਿਹਾਸ ਵਿਚ ਜ਼ਿਕਰ ਆਇਆ ਹੈ ਅਤੇ ਹੁਣ ਭੀ ਅਨੇਕਾਂ ਅਖੌਤੀ ਜੋਗੀ, ਸੁਆਮੀ, ਆਚਾਰੀਆ, ਗੁਰੂ, ਸਾਧ, ਸੰਤ, ਕਈ ਕਿਸਮ ਦੀਆਂ ਜੋਗ ਸਾਧਨਾਵਾਂ, ਜਿਹਾ ਕਿ –

ਜੋਗੀਆਂ ਵਾਲਾ ਜੋਗ
ਕੁੰਡਲਨੀ ਦਾ ਜੋਗ
ਹਠ ਜੋਗ
ਤਾਂਤ੍ਰਿਕ ਜੋਗ
ਜੰਤ੍ਰ-ਮੰਤ੍ਰ

ਆਦਿ, ਅਨੇਕਾਂ ਨਾਵਾਂ ਹੇਠ ਦੇਸ ਅਤੇ ਪ੍ਰਦੇਸਾਂ ਵਿਚ ਪ੍ਰਚਾਰ ਕਰਕੇ ਆਪੋ-ਆਪਣੇ ਪ੍ਰਮਾਰਥਿਕ ਜਾਲ ਵਿਛਾਈ ਫਿਰਦੇ ਹਨ ਅਤੇ ਭੋਲੇ-ਭਾਲੇ ਜਗਿਆਸੂਆਂ ਨੂੰ ਇਹ ਫੋਕੇ ਸਾਧਨ ਬੜੇ ਮਹਿੰਗੇ ਮੁੱਲ ਤੇ ਖੁੱਲ੍ਹਮ-ਖੁੱਲ੍ਹਾ ਵੇਚ ਰਹੇ ਹਨ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਅਤੇ ਆਪਣੇ ਚੇਲਿਆਂ-ਚਾਟੜਿਆਂ ਨੂੰ ਅਸਲੀ ਸੱਚੀ-ਸੁੱਚੀ ਆਤਮਿਕ ਮੰਜ਼ਿਲ ਤੋਂ ਵਾਂਝਿਆਂ ਰਖਦੇ ਹਨ।

ਇਹਨਾਂ ਫੋਕੀਆਂ ਪ੍ਰਮਾਰਥਿਕ ਸਾਧਨਾਵਾਂ ਨੂੰ 'ਆਤਮਿਕ ਮੰਜ਼ਿਲ' ਸਮਝਣਾ ਹੀ ਅਤਿਅੰਤ ਸੂਖਮ ਅਤੇ ਸਬਲ ਅਧਿਆਤਮਿਕ **'ਭਰਮ-ਭੁਲੇਖਾ' ਹੈ**।

ਇਹੀ ਕਾਰਨ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪ ਜਾ ਕੇ ਉਪਰ ਦੱਸੇ ਅਤੇ ਹੋਰ ਅਨੇਕਾਂ ਜੋਗੀਆਂ ਨੂੰ ਉਹਨਾਂ ਦੇ **ਫੋਕੇ ਜੋਗ ਵਿਚੋਂ ਕਢ ਕੇ 'ਨਾਮ' ਦਾ ਆਤਮਿਕ ਦਾਨ ਬਖਸ਼ਿਆ**।

ਇਹਨਾਂ ਅਧਿਆਤਮਿਕ ਭਰਮ-ਭੁਲੇਖਿਆਂ ਦੀ ਬਾਬਤ ਗੁਰਬਾਣੀ ਵਿਚ ਹੋਰ ਭੀ ਰੌਸ਼ਨੀ ਪਾਈ ਹੈ –

ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥
ਗੁਰਮੁਖਿ ਭ੍ਰਮ ਕੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥
(ਪੰਨਾ-੨੫੮)

ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥ (ਪੰਨਾ-੭੬੬)

ਮਨਮੁਖਿ ਭਰਮਿ ਭਵੈ ਬੇਬਾਣਿ ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥
ਸਬਦੁ ਨ ਚੀਨੈ ਲਵੈ ਕੁਬਾਣਿ ॥ ਨਾਨਕ ਸਾਚਿ ਰਤੇ ਸੁਖੁ ਜਾਣਿ ॥ (ਪੰਨਾ-੯੪੧)

ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ ।
ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ ।...
**ਫੋਕਟਿ ਧਰਮੀ ਭਰਮਿ ਭੁਲਾਵੈ** । (ਵਾ.ਭਾ.ਗੁ. ੧/੧੮)

ਰਿਖੀ ਮੁਨੀ ਦਿਗੰਬਰਾਂ ਕਾਲਖ ਕਰਾਮਾਤ ਅਗਲੇਰੇ ।
ਸਾਧਿਕ ਸਿਧਿ ਅਗਣਤ ਹੈਨਿ ਆਪ ਜਣਾਇਨਿ ਵਡੇ ਵਡੇਰੇ ।
**ਬਿਨੁ ਗੁਰ ਕੋਇ ਨਾ ਸਿਝਈ ਹਉਮੈਂ ਵਧਦੀ ਜਾਇ ਵਧੇਰੇ ।** (ਵਾ.ਭਾ.ਗੁ.੪੦/੮)

ਸਤਿਗੁਰ ਸਬਦ ਸੁਰਤਿ ਲਿਵ ਮੂਲਮੰਤ੍ਰ
ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤਿ ਹੈ । (ਕ.ਭਾ.ਗੁ. ੧੮੩)

ਇਸ ਧਰਤੀ ਦੇ ਉਦਾਲੇ ਅਥਾਹ '**ਪੁਲਾੜ**' ਹੈ, ਜਿਸ ਵਿਚ ਅਣਗਿਣਤ ਵਡੇ ਛੋਟੇ 'ਗ੍ਰਹਿ' ਹਨ। ਇਹਨਾਂ ਗ੍ਰਹਿਆਂ ਵਿਚੋਂ 'ਧਰਤੀ' ਭੀ ਇਕ ਗ੍ਰਹਿ ਹੈ।

ਇਸ ਧਰਤੀ ਉਤੇ ਕੁਦਰਤ ਦੀ ਬੇਅੰਤ ਪ੍ਰਕਿਰਤੀ ਵਸਦੀ ਹੈ। ਇਸ ਪ੍ਰਕਿਰਤੀ ਵਿਚ –

ਰੰਗ-ਰਸ
ਦੁਖ-ਸੁਖ
ਖੁਸ਼ੀ-ਗਮੀ
ਗਰਮੀ-ਸਰਦੀ
ਜੀਵਨ-ਮੌਤ

ਆਦਿ, ਕਈ ਤਰੰਗਾਂ ਦਾ ਬੋਲ-ਬਾਲਾ ਤੇ ਵਰਤ-ਵਰਤਾਰਾ ਹੈ।

ਜਦ ਅਸੀਂ ਹਵਾਈ ਜਹਾਜ਼ ਉਤੇ ਚੜ੍ਹ ਜਾਂਦੇ ਹਾਂ, ਤਾਂ ਇਸ ਧਰਤੀ ਦੇ ਸਾਰੇ ਰੰਗਾਂ-ਤਰੰਗਾਂ ਨੂੰ ਹੇਠਾਂ ਛੱਡ ਕੇ 'ਪੁਲਾੜ' ਵਿਚ ਜਾ ਵੜਦੇ ਹਾਂ।

ਇਸ ਅਥਾਹ '**ਪੁਲਾੜ**' ਵਿਚ ਕਿਸੇ ਕਿਸਮ ਦਾ 'ਜੀਵਨ' ਯਾ 'ਜੀਵਨ-ਖੇਲ-ਅਖਾੜਾ' ਨਹੀਂ ਹੈ। ਉਥੇ ਤਾਂ –

ਰੁਖਾ
ਸੁਕਾ
ਫੋਕਾ
ਰਸ-ਹੀਣ
ਰੰਗ ਹੀਣ
ਇਕਾਂਤ
**ਡਰਾਉਣੀ ਇਕੱਲ**

**ਦੀ 'ਸ਼ੂਨ' ਛਾਈ ਹੋਈ ਹੈ।**

ਏਸੇ ਤਰ੍ਹਾਂ ਮਨੁੱਖ ਦੀਆਂ ਸਰੀਰਕ, ਮਾਨਸਿਕ ਅਤੇ ਆਤਮਿਕ ਅਵਸਥਾਵਾਂ ਹਨ।

ਸਰੀਰ ਰੂਪੀ 'ਧਰਤੀ' ਵਿਚ ਸਾਡਾ ਜੀਵਨ ਬਤੀਤ ਹੁੰਦਾ ਹੈ ਅਤੇ ਆਪੋ-ਆਪਣੇ ਕਰਮਾਂ ਅਨੁਸਾਰ ਦੁਖ-ਸੁਖ ਭੋਗਦੇ ਹਾਂ ਅਤੇ ਮਾਇਕੀ 'ਵਡ-ਖੇਲ-ਤਮਾਸ਼ੇ' ਵਿਚ ਗਲਤਾਨ ਰਹਿੰਦੇ ਹਾਂ।

ਸਾਡੇ 'ਜੀਵਨ' ਦੇ ਚਾਰ ਪੜਾਓ ਹਨ –

1. ਸਰੀਰਕ ਜੀਵਨ
2. ਮਾਨਸਿਕ ਜੀਵਨ
3. ਧਾਰਮਿਕ ਜੀਵਨ
4. ਆਤਮਿਕ ਜੀਵਨ

ਜਦ ਜੀਵ ਸਰੀਰਕ ਅਤੇ ਮਾਨਸਿਕ ਜੀਵਨ ਦੇ 'ਖੇਲ-ਅਖਾੜੇ' ਤੋਂ ਅਸੰਤੁਸ਼ਟ ਹੋ ਕੇ ਸਿਮਰਨ ਦੁਆਰਾ ਬਿਰਤੀ ਨੂੰ ਇਕਾਗਰ ਕਰਦਾ ਹੈ, ਤਾਂ ਉਹ ਅੰਤਰ ਮੁਖੀ ਹੋਣ ਦੀ ਜਾਚ ਸਿਖਦਾ ਹੈ। ਇਸ ਤਰ੍ਹਾਂ ਜੀਵ ਸੁਰਤਿ ਦੀ ਇਕਾਗਰਤਾ ਦੁਆਰਾ 'ਮਾਨਸਿਕ ਜੀਵਨ' ਵਿਚੋਂ ਨਿਕਲ ਕੇ **ਸੁੰਨ-ਸਮਾਧ** ਦੇ ਸੁੰਞੇ ਖਲਾਅ ਅਥਵਾ **'ਪੁਲਾੜ' ਵਿਚ ਜਾ ਵੜਦਾ ਹੈ।**

ਅਕਾਲ ਪੁਰਖ ਦੇ ਅਨੁਭਵੀ ਆਤਮਿਕ ਮੰਡਲ ਤਾਈਂ ਪਹੁੰਚਣ ਲਈ ਅੰਦਰਲੀ 'ਸ਼ੂਨ' ਯਾ **'ਸੁੰਨ ਅਵਸਥਾ'** ਵਿਚੋਂ ਲੰਘਣਾ ਪੈਂਦਾ ਹੈ। ਦੂਜੇ ਲਫ਼ਜ਼ਾਂ ਵਿਚ ਮਾਇਆ ਦੀ ਖਾਈ ਵਿਚੋਂ ਨਿਕਲ ਕੇ ਇਲਾਹੀ 'ਬੇਗਮਪੁਰੇ' ਦੇ ਰਸਤੇ ਵਿਚ, 'ਸੁੰਨ ਸਮਾਧ' ਯਾ 'ਪਰਮਾਰਥਿਕ ਪੁਲਾੜ' ਵੀ ਇਕ ਪੜਾਉ ਹੈ, ਜਿਸ ਤਕ ਇਕਾਗਰਤਾ ਤੇ ਸਥਿਰਤਾ ਦੁਆਰਾ ਪਹੁੰਚਿਆ ਜਾ ਸਕਦਾ ਹੈ।

ਜਦ ਜਗਿਆਸੂ ਦੀ ਸੁਰਤਿ ਮਾਨਸਿਕ 'ਸੁੰਨ-ਸਮਾਧ' ਵਿਚ ਅਸਥਿਤ ਹੋ ਜਾਂਦੀ ਹੈ, ਤਾਂ ਉਸ ਨੂੰ ਸ਼ਾਂਤੀ, ਇਕਾਂਤ, ਸੁਖ, ਠੰਢ ਪ੍ਰਤੀਤ ਹੁੰਦੀ ਹੈ, ਜਿਸ ਵਿਚੋਂ ਨਿਕਲਣ ਨੂੰ ਦਿਲ ਨਹੀਂ ਕਰਦਾ, ਕਿਉਂਕਿ ਇਸ 'ਸੁੰਨ-ਸਮਾਧ' ਵਿਚ ਮਾਇਕੀ ਮੰਡਲ ਦੇ 'ਅਗਨ-ਸੋਕ-ਸਾਗਰ' ਤੋਂ ਬਚਾਉ ਹੁੰਦਾ ਹੈ। ਇਸ ਲਈ ਜਦ ਵੀ ਜਗਿਆਸੂ ਨੂੰ ਮੌਕਾ ਮਿਲਦਾ ਹੈ, ਉਹ 'ਸੁੰਨ-ਸਮਾਧ' ਵਿਚ ਜ਼ਿਆਦਾ ਤੋਂ ਜ਼ਿਆਦਾ ਅਸਥਿਤ ਰਹਿਣ ਦੀ ਕੋਸ਼ਿਸ਼ ਕਰਦਾ ਹੈ। ਇਸ ਨੂੰ **ਜੋਗੀਆਂ ਵਾਲੀ 'ਸਮਾਧੀ'** ਕਿਹਾ ਜਾਂਦਾ ਹੈ।

ਬਹੁਤ ਸਾਰੇ ਜਗਿਆਸੂ ਇਹਨਾਂ ਜੋਗੀਆਂ ਦੇ ਅਸਰ ਹੇਠ ਏਸੇ **ਰੁਖੀ-ਸੁਖੀ 'ਸੁੰਨ-ਸਮਾਧ'** ਵਿਚ ਪ੍ਰਵਿਰਤ ਹੋ ਜਾਂਦੇ ਹਨ ਅਤੇ ਉਥੇ ਸੰਤੁਸ਼ਟ ਹੋ ਕੇ, ਇਸ ਤੋਂ ਅਗਲੀ ਅਵਸਥਾ –

ਪ੍ਰੇਮ-ਭਗਤ
ਸਹਿਜ-ਸਮਾਧ

ਨੂੰ ਭੁੱਲ ਜਾਂਦੇ ਹਨ। ਇਸ ਦਾ ਮਤਲਬ ਇਹ ਹੈ, ਕਿ ਜਗਿਆਸੂ ਏਸੇ ਰੁੱਖੀ-ਸੁੱਖੀ 'ਸੁੰਨ-ਸਮਾਧ' ਨੂੰ ਹੀ **ਆਤਮਿਕ ਜੀਵਨ ਦੀ 'ਮੰਜ਼ਿਲ' ਸਮਝ ਕੇ**, ਆਪਣੀ ਅਗਲੀ ਉਚੀ-ਸੁੱਚੀ ਪ੍ਰੇਮ ਸਵੈਪਨਾ ਅਤੇ ਮਹਾਂ ਰਸ ਵਾਲੀ ਆਤਮਿਕ ਮੰਜ਼ਿਲ ਤੋਂ **ਵਾਂਝਿਆਂ ਰਹਿੰਦਾ ਹੈ**।

ਜਦ ਜਗਿਆਸੂਆਂ ਦੀ 'ਸਮਾਧੀ' ਖੁਲਦੀ ਹੈ ਅਤੇ ਉਸ ਦੀ ਸੁਰਤ ਮੁੜ ਮਾਇਕੀ ਮੰਡਲ ਵਿਚ ਉਤਰ ਆਉਂਦੀ ਹੈ ਤਾਂ ਉਸ ਉਤੇ ਮਾਇਕੀ ਮੰਡਲ ਦਾ ਦੁਬਾਰਾ ਹਾਨੀਕਾਰਕ ਅਸਰ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਹ ਫਿਰ ਸਧਾਰਣ ਦੁਨਿਆਵੀ 'ਮਨੁੱਖ' ਦਾ ਮਨੁੱਖ ਹੀ ਰਹਿ ਜਾਂਦਾ ਹੈ।

ਐਸੇ ਜੋਗੀਆਂ ਦੀ ਸੁਰਤ, 'ਕੁਕੜ-ਉਡਾਰੀ' ਦੀ ਨਿਆਈਂ ਪਰਮਾਰਥਿਕ ਪੁਲਾੜ ਤਾਈਂ ਹੀ ਸੀਮਤ ਹੁੰਦੀ ਹੈ। ਇਸ ਤੋਂ ਅਗੇ ਆਤਮਿਕ ਮੰਡਲ ਦੀ 'ਪ੍ਰੇਮਾ-ਭਗਤੀ' ਦੀ 'ਝਲਕ' ਤੋਂ ਵਾਂਝੇ ਰਹਿੰਦੇ ਹਨ ਅਤੇ 'ਪ੍ਰੇਮ-ਰਸ' ਦਾ ਅਸਚਰਜ ਸੁਆਦ ਨਹੀਂ ਮਾਣ ਸਕਦੇ।

ਇਸ ਤਰ੍ਹਾਂ ਇਹ 'ਸੁੰਨ-ਸਮਾਧ' ਜਗਿਆਸੂ ਦੇ ਆਤਮਿਕ ਪੰਧ ਵਿਚ **ਸੂਖਮ ਤੇ ਸਬਲ ਰੁਕਾਵਟ ਹੈ**, ਜਿਸ ਵਿਚੋਂ ਜੋਗੀ ਆਪਣੇ-ਆਪ ਨਹੀਂ ਨਿਕਲ ਸਕਦਾ। ਇਸ ਵਿਸ਼ੇ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਸਪਸ਼ਟ ਕੀਤਾ ਹੈ –

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥ (ਪੰਨਾ-੫੩੭)

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥...
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥ (ਪੰਨਾ-੭੩੦)

ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ ॥ ੧੦॥
ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ ॥ (ਪੰਨਾ-੯੦੯)

ਇਸ ਮਾਨਸਿਕ ਮੰਡਲ ਦੀ **ਫੋਕੀ 'ਸੁੰਨ-ਸਮਾਧ' ਨੂੰ ਆਤਮਿਕ ਮੰਡਲ ਦੀ ਪ੍ਰਾਪਤੀ ਸਮਝਣਾ ਹੀ ਜਗਿਆਸੂ ਦਾ ਦੀਰਘ 'ਭਰਮ-ਭੁਲੇਖਾ'** ਹੈ।

ਪਰ, ਇਸ ਸੂਖਮ ਪ੍ਰਮਾਰਥਕ ਭਰਮ-ਭੁਲੇਖੇ ਨੂੰ ਜਗਿਆਸੂ ਕੇਵਲ ਗੁਰੂ ਕਿਰਪਾ ਦੁਆਰਾ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਵਿਚ ਹੀ ਬੁੱਝ-ਸੀਝ ਸਕਦਾ ਹੈ। ਇਸ **ਗੁੱਝੇ ਭੇਦ** ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ –

ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ।।
ਗੁਰ ਕੈ ਸੰਗਿ ਤਰਿਆ ਸਭੁ ਲੋਗੁ ।। (ਪੰਨਾ-੨੩੯)

ਥਿਰ ਥਿਰ ਚਿਤ ਥਿਰ ਹਾਂ।। ਬਨੁ ਗ੍ਰਿਹੁ ਸਮਸਰਿ ਹਾਂ।।
ਅੰਤਰਿ ਏਕ ਪਿਰ ਹਾਂ ।।
ਬਾਹਰਿ ਅਨੇਕ ਧਰਿ ਹਾਂ।। ਰਾਜਨ ਜੋਗੁ ਕਰਿ ਹਾਂ ।। (ਪੰਨਾ-੪੦੯)

ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ।।
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ।। (ਪੰਨਾ-੭੩੦)

ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ
ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ ।।
ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ
ਹਰਿ ਪਾਈਐ ਸਤਸੰਗਤੀ ਉਪਦੇਸਿ ਗੁਰੂ ਗੁਰ ਸੰਤ ਜਨਾ
ਖੋਲਿ ਖੋਲਿ ਕਪਾਟ ।। (ਪੰਨਾ-੧੨੯੭)

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ।।
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ।। (ਪੰਨਾ-੧੪੨੧)

ਐਸੀ ਫੋਕੀ ਮਾਨਸਿਕ ਸੁੰਨ ਸਮਾਧੀ (thoughtless state of mind) ਨਾਲ **ਸਾਡਾ ਜੀਵਨ ਬਦਲ ਨਹੀਂ ਸਕਦਾ** ਅਤੇ ਨਾ ਹੀ ਆਤਮਿਕ 'ਪ੍ਰਿਮ ਪਿਆਲੇ' ਦਾ ਰਸ ਅਨੁਭਵ ਹੋ ਸਕਦਾ ਹੈ। ਬਲਕਿ ਜਗਿਆਸੂ ਨੂੰ ਆਪਣੇ ਜੋਗ-ਅਭਿਆਸ ਦਾ **ਅਭਿਮਾਨ** ਹੋ ਜਾਂਦਾ ਹੈ। ਇਸ ਫੋਕੇ ਜੋਗ ਅਭਿਆਸ ਦੀ ਸਾਧਨਾ ਵਿਚ ਸੰਤੁਸ਼ਟ ਹੋ ਕੇ ਇਲਾਹੀ ਪ੍ਰਿਮ-ਰਸ ਤੋਂ ਵਾਂਝੇ ਰਹਿੰਦੇ ਹਾਂ।

ਇਹ ਜੋਗੀਆਂ ਵਾਲੀ 'ਮਾਨਸਿਕ-ਸਮਾਧੀ' ਰਸ ਹੀਣ, ਅਫੁਰ, ਸੁੰਨ ਅਵਸਥਾ ਹੈ, ਜੋ **'ਜਾਗਰਤ ਅਵਸਥਾ' ਵਿਚ ਕਾਇਮ ਨਹੀਂ ਰਹਿੰਦੀ**। ਇਸ ਲਈ ਐਸੀ ਫੋਕੀ ਸੁੰਨ-ਸਮਾਧੀ ਸਾਡੇ ਜੀਵਨ ਨੂੰ ਉਚਾ ਨਹੀਂ ਕਰ ਸਕਦੀ ਅਤੇ ਆਤਮਿਕ ਪੰਧ ਲਈ ਬੇ-ਅਰਥ ਅਤੇ ਲਾਭ ਹੀਣ ਹੈ।

ਪਰ ਇਸ ਦੇ ਮੁਕਾਬਲੇ ਤੇ ਗੁਰਬਾਣੀ ਵਿਚ ਗੁਰੂ ਬਾਬੇ ਨੇ ਸਾਨੂੰ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਵਿਚ **ਸ਼ਰਧਾ-ਭਾਵਨੀ, ਪ੍ਰਿਮ-ਰਸ ਅਤੇ ਪ੍ਰੇਮ-ਸਵੈਪਨਾ** ਦੇ ਉਚੇ-ਸੁੱਚੇ

ਦੈਵੀ ਵਲਵਲਿਆਂ ਨਾਲ **ਮਨ ਨੂੰ 'ਰੰਗਣ' ਦਾ ਉਪਦੇਸ਼ ਦਿਤਾ ਹੈ** ਅਤੇ **ਸਮਾਧੀ ਅੰਦਰ ਜਾਂ ਸਮਾਧੀ ਤੋਂ ਨਿਕਲ ਕੇ ਚੇਤਨਤਾ ਵਿਚ ਭੀ,** ਕਿਸੇ ਪ੍ਰੇਮ-ਰਸ ਅਥਵਾ ਪ੍ਰੇਮ-ਸਵੈਪਨਾ ਦਾ ਰੰਗ-ਰਸ ਮਾਣ ਸਕਦੇ ਹਾਂ।

ਇਸੇ ਨੂੰ ਗੁਰਬਾਣੀ ਵਿਚ **'ਸਹਜ-ਸਮਾਧ' ਕਿਹਾ ਗਿਆ ਹੈ,** ਜੋ ਜਾਗਦਿਆਂ, ਸੁਤਿਆਂ ਜਗਿਆਸੂ ਦੀ ਬਿਰਤੀ ਨੂੰ ਕਿਸੇ ਅਕਹਿ ਆਤਮਿਕ ਰਸ-ਰੰਗ-ਅਨੰਦ-ਚਾਉ ਵਿਚ **ਇਕਸਾਰ** ਰਖਦੀ ਹੈ। ਗੁਰਬਾਣੀ ਵਿਚ ਇਸ ਅਸਚਰਜ ਆਤਮਿਕ ਅਵਸਥਾ ਨੂੰ ਇਉਂ ਦਰਸਾਇਆ ਹੈ –

ਦੇਖਿ ਅਚਰਜੁ ਰਹੇ ਬਿਸਮਾਦਿ ॥
ਘਟਿ ਘਟਿ ਸੁਰ ਨਰ ਸਹਜ ਸਮਾਧਿ ॥ (ਪੰਨਾ-੪੧੬)

ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥ (ਪੰਨਾ-੫੦੩)

ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ॥
**ਅਨਦਿਨੁ ਸਹਜ ਸਮਾਧਿ ਹਰਿ ਲਾਗੀ**
**ਹਰਿ ਜਪਿਆ ਗਹਿਰ ਗੰਭੀਰਾ** ॥ (ਪੰਨਾ-੫੭੪)

ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥
ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥ (ਪੰਨਾ-੧੨੩੨)

ਇਹਨਾਂ ਦੋਹਾਂ ਕਿਸਮਾਂ ਦੀਆਂ ਸਮਾਧੀਆਂ ਦੇ ਨਿਰਣੇ ਲਈ ਹੇਠਾਂ ਬਿਉਰਾ ਦਿੱਤਾ ਜਾਂਦਾ ਹੈ –

| **ਜੋਗੀਆਂ ਵਾਲੀ ਮਾਨਸਿਕ 'ਸੁੰਨ-ਸਮਾਧਿ'** | **ਪ੍ਰੇਮ-ਭਗਤ ਦੀ 'ਸਹਜ-ਸਮਾਧਿ'** |
|---|---|
| ਤ੍ਰੈ-ਗੁਣੀ ਮਾਇਕੀ ਮੰਡਲ ਦੀ ਪ੍ਰਵਿਰਤੀ ਹੈ | ਆਤਮਿਕ ਮੰਡਲ ਦੀ ਖੇਲ ਹੈ |
| ਮਾਨਸਿਕ ਸ਼ਾਂਤੀ ਦੀ ਸੇਧ ਹੈ | ਪ੍ਰੇਮ ਭਗਤ ਦੀ ਆਤਮਿਕ ਸੇਧ ਹੈ |
| ਮੈਂ-ਮੇਰੀ ਦਾ ਬੋਲ-ਬਾਲਾ ਹੈ | ਤੂੰ-ਤੇਰੀ ਦਾ ਵਰਤ-ਵਰਤਾਰਾ ਹੈ |
| 'ਸੁੰਨ' ਅਵਸਥਾ ਹੈ | ਆਤਮਿਕ ਪ੍ਰੇਮ-ਸਵੈਪਨਾ ਹੈ |
| ਰਸ ਹੀਣ ਹੈ | 'ਪ੍ਰਿਮ-ਰਸ' ਹੈ |
| ਰੰਗ ਹੀਣ ਹੈ | ਪ੍ਰੇਮ ਰੰਗ ਹੈ |
| ਮਾਨਸਿਕ ਰੁਖੀ-ਸੁਖੀ ਇਕਾਂਤ ਹੈ | ਆਤਮਿਕ ਰਹਿਸ-ਮਈ ਚਾਉ ਹੈ |
| ਮਾਇਆ ਦਾ ਆਰਜ਼ੀ ਤਿਆਗ ਹੈ | ਮਾਇਆ ਵਿਚ ਉਦਾਸੀ ਹੈ |
| ਰਿੱਧੀਆਂ-ਸਿੱਧੀਆਂ ਦਾ ਵਰਤਾਰਾ ਹੈ | ਭਾਣੇ ਵਿਚ ਰਹਿਣਾ ਹੈ |

ਨਾਟਕ-ਚੇਟਕ ਦਾ ਖੇਲ ਅਖਾੜਾ ਹੈ
ਸੂਖਮ ਅਭਿਮਾਨ ਦਾ ਕਾਰਨ ਹੈ
ਅਫੁਰ ਹੈ
ਆਪਣੀ ਸ਼ਖਸੀ ਕਲਿਆਣ ਹੈ
ਸਮਾਧੀ ਖੁਲਣ ਤੇ ਫਿਰ ਮਾਇਆ ਦੀ
ਛਾਇਆ ਹੈ।
ਰਸ-ਹੀਣ ਸਮਾਧੀ 'ਤਪ' ਜਾਂਦੀ ਹੈ
'ਹਉ' ਦੀ ਘਾਲਣਾ ਹੈ
ਮਾਨਸਿਕ ਪ੍ਰਾਪਤੀ ਹੈ
ਵਰ-ਸਰਾਪ ਦਾ ਵਰਤਾਰਾ ਹੈ
ਮੁਕਤੀ ਹੀ ਮੰਜ਼ਿਲ ਹੈ
ਹਠ ਜੋਗ ਹੈ
ਭਰਮ ਦਾ ਅੰਧ ਗੁਬਾਰ ਹੈ
ਜਨਮ-ਮਰਨ ਵਿਚ ਹੈ।

ਪ੍ਰੇਮ ਭਗਤ ਦੀ ਮਸਤੀ ਹੈ
ਪ੍ਰਿਮ-ਰਸ ਵਿਚ ਗਵਾਚਣਾ ਹੈ
ਪ੍ਰਿਮ-ਰਸ ਦਾ 'ਗਿੜਾਉ' ਹੈ
'ਪਰਉਪਕਾਰ ਉਮਾਹਾ' ਹੈ
ਦੋਹਾਂ ਅਵਸਥਾਵਾਂ ਵਿਚ ਪ੍ਰੀਤ
ਡੋਰੀ ਦੀ ਖਿੱਚ ਹੈ।
'ਖੁਨਕ ਨਾਮੁ' ਹੈ
'ਨਦਰ-ਕਰਮ' ਹੈ
ਆਤਮਿਕ ਛੋਹ ਹੈ
ਦਇਆ-ਖਿਮਾ ਦਾ ਵਰਤਾਰਾ ਹੈ
'ਪ੍ਰੀਤ ਚਰਨ ਕਮਲ' ਦੀ ਮੌਜ ਹੈ
ਸਹਜ ਜੋਗ ਹੈ
ਸਬਦ ਦਾ ਪ੍ਰਕਾਸ਼ ਹੈ
'ਸਦ ਜੀਵੈ' ਹੈ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ।।
ਹਸੰਦਿਆਂ ਖੇਲੰਦਿਆ ਪੈਨੰਦਿਆ ਖਾਵੰਦਿਆਂ ਵਿਚੇ ਹੋਵੈ ਮੁਕਤਿ।। (ਪੰਨਾ-੫੨੨)

(ਚਲਦਾ.....)

©ਸਭ ਹੱਕ ਰਾਖਵੇਂ ਹਨ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰੁ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

**ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ** ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ:-

**Website : www.brahmbungadodra.org**
**E-mail : info@brahmbungadodra.org**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ**
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

❖ **ਸ਼ਾਖਾ** ❖

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ** (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

❖ **ਪ੍ਰਕਾਸ਼ਕ** ❖

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.HarjitPrintingPress.com S.C.F. 83, Phase 5, SAS Nagar (Mohali). Phones : +91-172-2226297, 5098297